**ਪੰਜਾਬ ਸਰਕਾਰ**

**ਸਿੱਖਿਆ ਵਿਭਾਗ**

(ਵੈਬਸਾਈਟ ਰਾਹੀਂ)

ਵੱਲ

ਸਮੂਹ ਸਕੂਲ ਮੁੱਖੀ,
ਪੰਜਾਬ।

ਮੀਮੋ ਨੰ:AD(Co)/SSE/2018/401117

ਮਿਤੀ: 10.07.18

ਵਿਸ਼ਾ: **ਏ.ਸੀ.ਪੀ./ਕੰਨਫਰਮੇਸ਼ਨ/ਪਰਖ ਕਾਲ/ ਉਚੇਰੀ ਸਿੱਖਿਆ ਦੀ ਪ੍ਰਵਾਨਗੀ ਆਦਿ ਕੇਸਾਂ ਦੇ ਨਿਪਟਾਰੇ ਲਈ ਸਕੂਲ ਮੁੱਖੀਆਂ ਨੂੰ ਦਿੱਤੀਆਂ ਗਈਆਂ ਪਾਵਰਾਂ ਸਬੰਧੀ।**

ਹਵਾਲਾ: **ਦਫ਼ਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ), ਪੰਜਾਬ ਦਾ ਪੱਤਰ ਨੰ:15/61-2017 ਕੋ ਸ਼ਾਖਾ (1)/81 ਮਿਤੀ 01.03.2018, ਪੱਤਰ ਨੰ:15/61-2017 ਕੋ ਸ਼ਾਖਾ (1)/107 ਮਿਤੀ 06.03.2018 ਅਤੇ ਪੱਤਰ ਨੰ:15/61-2017 ਕੋ ਸ਼ਾਖਾ (1)/758 ਮਿਤੀ 28.12.2017 ਦੀ ਲਗਾਤਾਰਤਾ ਵਿੱਚ।**

1. ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।
2. ਪਿਛਲੇ ਕੁਝ ਮਹੀਨਿਆਂ ਦੌਰਾਨ ਵਿਭਾਗ ਵੱਲੋਂ ਸਕੂਲ ਮੁੱਖੀਆਂ ਨੂੰ ਸਕੂਲ ਸਟਾਫ ਦੇ ਵੱਖ-ਵੱਖ ਕਾਰਜ ਜਿਵੇਂ ਉਚੇਰੀ ਸਿੱਖਿਆ ਦੀ ਪ੍ਰਵਾਨਗੀ, **ACP** ਲਗਾਉਣਾ, ਆਦਿ ਕਾਰਜ ਕਰਨ ਦੀਆਂ ਪਾਵਰਾਂ ਡੀ.ਡੀ.ਓ ਪੱਧਰ ਤੇ **Delegate** ਕਰ ਦਿੱਤੀਆਂ ਗਈਆਂ ਹਨ ਪ੍ਰੰਤੂ ਵਿਭਾਗ ਦੇ ਧਿਆਨ ਵਿੱਚ ਆਇਆ ਹੈ ਕਿ ਕਈ **DDOs** ਨੂੰ ਜਿਹਨਾਂ ਕਾਰਜਾਂ ਦੀ ਪਾਵਰ ਸੌਂਪੀ ਗਈ ਹੈ, ਉਹ ਅਜੇ ਵੀ ਪੈਂਡਿੰਗ ਪਏ ਹਨ।
3. ਉਕਤ ਦੇ ਸਨਮੁੱਖ ਸਮੂਹ ਸਕੂਲ ਮੁੱਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਯਕੀਨੀ ਬਣਾਉਣ ਕਿ ਉਹਨਾਂ ਦੇ ਤਹਿਤ ਕੰਮ ਕਰਦੇ ਮੁਲਾਜਮਾਂ ਦਾ ਕੋਈ ਵੀ ਅਜਿਹਾ ਕੰਮ ਜਿਸ ਸਬੰਧੀ ਪਾਵਰਾਂ ਉਹਨਾਂ ਕੋਲ ਹਨ ਉਹ ਅਧੂਰਾ ਨਾ ਰੱਖਿਆ ਜਾਵੇ ।
4. ਜੇਕਰ ਕੋਈ ਵੀ ਅਜਿਹਾ ਕੰਮ ਪੈਂਡਿੰਗ ਹੈ ਤਾਂ ਇਹ ਪੱਤਰ ਜਾਰੀ ਹੋਣ ਤੋਂ 10 ਦਿਨਾਂ ਦੇ ਅੰਦਰ-ਅੰਦਰ ਪੈਂਡਿੰਗ ਕੰਮਾਂ ਦਾ ਨਿਪਟਾਰਾ ਕਰ ਲਿਆ ਜਾਵੇ।
5. ਉਕਤ ਹੁਕਮਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ ਜੀ।

**ਸਕੱਤਰ,**
**ਸਕੂਲ ਸਿੱਖਿਆ, ਪੰਜਾਬ**

ਪਿੱਠਅੰਕਣ ਨੰ: ਉਕਤ ਮਿਤੀ: 10.07.18

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:-

1. ਪੀ.ਏ.ਟੂ ਸਕੱਤਰ, ਸਕੂਲ ਸਿੱਖਿਆ, ਪੰਜਾਬ।
2. ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।
3. ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ/ਐ.ਸਿੱ), ਪੰਜਾਬ।
4. ਡਾਇਰੈਕਟਰ, ਐਸ.ਸੀ.ਈ.ਆਰ.ਟੀ., ਪੰਜਾਬ।
5. ਸਮੂਹ ਮੰਡਲ ਸਿੱਖਿਆ ਅਫ਼ਸਰ, ਪੰਜਾਬ।
6. ਸਮੂਹ ਜ਼ਿਲ੍ਹਾ ਸਿੱਖਿਆ ਸੁਧਾਰ ਕਮੇਟੀਆਂ, ਪੰਜਾਬ

**ਸਕੱਤਰ,**
**ਸਕੂਲ ਸਿੱਖਿਆ, ਪੰਜਾਬ**